**ਅੰਤਰ ਧਾਰਮਿਕ ਸੰਵਾਦ ਦੀ ਪੋਂਤੀਫਿਕਲ ਕਾਉਂਸਿਲ**

**ਈਸਾਈ ਅਤੇ ਸਿੱਖ ਭਾਈਚਾਰੇ ਦੇ ਭਲੇ ਲਈ ਅੰਤਰ ਧਾਰਮਿਕ ਏਕਤਾ ਨੂੰ ਉਤਸ਼ਾਹਿਤ ਕਰਨਾ**

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁੱਭ ਦਿਹਾੜੇ ’ਤੇ ਸੰਦੇਸ਼

**2023**

**ਵੈਟੀਕਨ ਸਿਟੀ**

*ਪਿਆਰੇ ਸਿੱਖ ਸਾਥਿਓ,*

ਇਸ ਸਾਲ 27 ਨਵੰਬਰ ਨੂੰ ਵਿਸ਼ਵ ਭਰ ਵਿੱਚ ਮਨਾਏ ਜਾ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸ਼ੁਭ ਅਵਸਰ ’ਤੇ ਅੰਤਰ-ਧਾਰਮਿਕ ਵਾਰਤਾਲਾਪ ਸੰਗਠਨ ਆਪ ਸਭ ਜੀ ਨੂੰ ਹਾਰਦਿਕ ਸ਼ੁਭ-ਕਾਮਨਾਵਾਂ ਭੇਜਦਾ ਹੈ। ਆਪ ਜੀ ਦੇ ਸਭ ਤਿਓਹਾਰਿਕ ਸਮਾਰੋਹ ਸਭਨਾਂ ਲਈ ਆਨੰਦ ਅਤੇ ਸ਼ਾਂਤੀ ਲਿਆਉਣ ਅਤੇ ਤੁਹਾਡੇ ਪਰਿਵਾਰਾਂ ਅਤੇ ਭਾਈਚਾਰੇ ਵਿੱਚ ਏਕਤਾ ਅਤੇ ਭਾਈਚਾਰਿਕ ਸਾਂਝ ਨੂੰ ਵਧਾਉਣ ਵਿੱਚ ਸਹਾਈ ਹੋਣ।

ਜਲਵਾਯੂ ਸੰਕਟ ਸਾਡੇ ਸਾਹਮਣੇ ਅਨੇਕਾਂ ਚੁਣੌਤੀਆਂ ਵਿੱਚੋਂ ਸਭ ਤੋਂ ਗੰਭੀਰ ਚੁਣੌਤੀ ਹੈ ਜਿਸ ਪ੍ਰਤੀ ਫੌਰੀ ਧਿਆਨ ਦੇਣ ਦੀ ਲੋੜ ਹੈ ਅਤੇ ਨਾਲ ਹੀ ਲੋੜੀਂਦੇ ਕਦਮ ਚੁੱਕਣੇ ਜ਼ਰੂਰੀ ਹਨ। ਵਿਸ਼ਵ ਪੱਧਰ ’ਤੇ ਵਾਤਾਵਰਣ ਦੀ ਗਿਰਾਵਟ ਤੋਂ ਉੱਠਦੀਆਂ ਮੌਸਮ ਸੰਬੰਧੀ ਨਵੇਕਲੀਆਂ ਘਟਨਾਵਾਂ ਅਤੇ ਮੌਸਮ ਦੇ ਬਦਲਦੇ ਮਿਜਾਜ਼ ਪ੍ਰਤੀ ਚਿੰਤਿਤ ਪੋਪ ਫਰਾਂਸਿਸ ਨੇ 2015 (ਰਾਹੀਂ ਗਸ਼ਤੀ ਪੱਤਰ ‘ਸਾਡੇ ਸਾਂਝੇ ਘਰ ਦੀ ਦੇਖਭਾਲ’, 2015, ਨੰ. 231) ਵਿੱਚ ਸੰਸਾਰ ਭਰ ਨੂੰ ਅਪੀਲ ਕੀਤੀ ਸੀ ਕਿ ਉਹ ਵਾਤਾਵਰਣ ਦੇ ਲਈ ‘ਦੇਖਭਾਲ ਦੇ ਸੱਭਿਆਚਾਰ’ ਨੂੰ ਉਤਸ਼ਾਹਿਤ ਕਰਨ। ਇਸ ਸਾਲ, ਆਪਣੇ 4 ਅਕਤੂਬਰ 2023 ਦੇ ‘ਖ਼ੁਦਾ ਦੀ ਮਹਿਮਾ ਕਰੋ’ ਰਸੂਲੀ ਪੱਤਰ ਰਾਹੀਂ ਮਾਨਵਵਾਦੀ ਮਨੁੱਖੀ-ਤਨਾਅ ’ਤੇ ਜ਼ੋਰ ਦਿੰਦੇ ਹੋਏ - ਜਲਵਾਯੂ ਪਰਿਵਰਤਨ ਦੇ ਮੂਲ ’ਤੇ, ਪੋਪ ਸਾਹਿਬ ਨੇ ਇੱਕ ਵਾਰੀ ਫਿਰ, ਇੱਕ ਵਿਆਪਕ ਦ੍ਰਿਸ਼ਟੀਕੋਣ ਅਤੇ ਭਰੋਸੇਯੋਗ ਕਾਰਵਾਈਆਂ ਦੀ ਦਲੀਲ ਦਿੰਦਿਆਂ ਪੁਰ-ਜ਼ੋਰ ਅਪੀਲ ਕੀਤੀ ਕਿ ਵਧੇਰੇ ਦੇਰੀ ਹੋ ਜਾਣ ਤੋਂ ਪਹਿਲਾਂ ਜਲਵਾਯੂ ਸੰਕਟ ਦੇ ਭਾਰੀ ਨੁਕਸਾਨ ਨੂੰ ਰੋਕਿਆ ਜਾਵੇ। ਇਸ ਨਵੀਨ ਸੱਦੇ ਨੂੰ ਅਮਲੀ ਰੂਪ ਦੇਣ ਦੀ ਰੋਸ਼ਨੀ ਵਿੱਚ, ਅਸੀਂ ਤੁਹਾਡੇ ਨਾਲ ਕੁਝ ਵਿਚਾਰ ਸਾਂਝੇ ਕਰਨਾ ਚਾਹੁੰਦੇ ਹਾਂ ਕਿ ਕਿਵੇਂ ਅਸੀਂ ਦੋਵੇਂ ਈਸਾਈ ਅਤੇ ਸਿੱਖ ਭਾਈਚਾਰਾ, ਵਿਸ਼ਵ-ਵਿਆਪੀ ਜਲਵਾਯੂ ਸੰਕਟ ਨਾਲ ਨਜਿੱਠਣ ਲਈ ਯੋਗਦਾਨ ਪਾ ਸਕਦੇ ਹਾਂ।

ਇਸ ਸੰਕਟ ਲਈ ਜ਼ਿੰਮੇਵਾਰ ਮਾਨਵਵਾਦੀ ਪਹਿਲੂਆਂ ਵਿੱਚ ਅਤਿ ਪ੍ਰਭਾਵੀ ਹਨ: ਮਨੁੱਖੀ ਖ਼ੁਦਗਰਜ਼ੀ, ਲਾਲਚ, ਵਿਰੋਧੀ ਅਤੇ ਵਿਸਥਾਰਵਾਦੀ ਰਵੱਈਏ, ਬੇਲਗਾਮ ਉਪਭੋਗਤਾਵਾਦੀ ਜੀਵਨਸ਼ੈਲੀ, ਸੰਕਟ ਦੀ ਗੰਭੀਰਤਾ ਪ੍ਰਤੀ ਅਣਗਹਿਲੀ, ਕਈਆਂ ਦੀ ਮੁਖ ਮੋੜਣ ਦੀ ਭਾਵਨਾ, ਰਾਜਨੀਤਿਕ ਅਰੁਚੀ ਅਤੇ ਅਕਿਰਿਆਸ਼ੀਲਤਾ। ਇਸਦਾ ਅਰਥ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਅਸੀਂ ਸਭ ਸਮੱਸਿਆ ਦਾ ਹਿੱਸਾ ਹਾਂ ਅਤੇ ਇਸ ਲਈ, ਸਾਨੂੰ ਜਲਵਾਯੂ ਸੰਕਟ ਅਤੇ ਇਸਦੀ ਲਹਿਰ ’ਤੇ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ। ਵਿਅਕਤੀਗਤ ਅਤੇ ਸਮੁਦਾਏ ਦੇ ਤੌਰ ’ਤੇ, ਅਸੀਂ ਜਿੱਥੋਂ ਤੱਕ ਹੋ ਸਕੇ, ਇਸ ਸੰਕਟ ਨੂੰ ਸਚਾਰੂ ਢੰਗ ਨਾਲ ਪੂਰੇ ਤੌਰ ’ਤੇ ਨਜਿੱਠਣ ਲਈ ਬੁਲਾਏ ਗਏ ਹਾਂ।

ਅਸੀਂ ਇਸ ਸੱਚਾਈ ਤੋਂ ਪੂਰੀ ਤਰ੍ਹਾਂ ਜਾਣੂ ਹਾਂ ਕਿ ਹਰੇਕ ਚੀਜ਼ “ਇੱਕ-ਦੂਜੇ ਨਾਲ ਜੁੜੀ ਹੋਈ ਹੈ” ਅਤੇ ਅਸੀਂ ਅਦਿੱਖ ਇਕਰਾਰਨਾਮੇ ਨਾਲ ਬੱਝੇ ਹੋਏ ਹਾਂ ਅਤੇ ਮਿਲਕੇ ਇੱਕ ਤਰ੍ਹਾਂ ਦੇ ਵਿਸ਼ਵ-ਵਿਆਪੀ ਪਰਿਵਾਰ ਨੂੰ ਰੂਪਿਤ ਕਰਦੇ ਹਾਂ; ਇਸ ਲਈ “ਸਾਡੀ ਇੱਕ ਦੂਜੇ ਅਤੇ ਧਰਤੀ ਦੀ ਸੰਭਾਲ ਪ੍ਰਤੀ ਚਿੰਤਾ ਡੂੰਘੀ ਨੇੜਤਾ ਵਜੋਂ ਇੱਕ ਹੈ।(“ਖ਼ੁਦਾ ਦੀ ਮਹਿਮਾ ਕਰੋ,” ਨੰ. 3,19,67)। ਇਹ ਸਾਨੂੰ ਪ੍ਰੇਰਿਤ ਕਰੇ ਕਿ ਅਸੀਂ ਜ਼ਿੰਮੇਵਾਰੀ ਨਾਲ ਧਰਤੀ ਦੇ ਮੁਖਤਾਰ ਹੋਈਏ ਜਿਸ ਦੇ ਵੱਡੇ ਹਿੱਸੇ ’ਤੇ ਅਸੀਂ ਰੋਜ਼ੀ-ਰੋਟੀ ਅਤੇ ਸੁਰੱਖਿਆ ਲਈ ਨਿਰਭਰ ਰਹਿੰਦੇ ਹਾਂ, ਅਤੇ ਮਨੁੱਖਤਾ ਅਤੇ ਧਰਤੀ ਦੀ ਭਲਾਈ ਭਾਲਦੇ ਹੋਏ ਇੱਕ-ਦੂਜੇ ਦੇ ਭੈਣ-ਭਰਾ ਬਣੀਏ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਅਸੀਂ ਸਭ ਦੀ ਭਲਾਈ ਲਈ, ਗਰੀਬਾਂ ਅਤੇ ਸਾਡੇ ਸਮਾਜ ’ਚੋਂ ਠੁਕਰਾਏ ਗਏ ਲੋੜਵੰਦਾਂ ਨਾਲ ਇੱਕ-ਜੁੱਟਤਾ ਵਿੱਚ ਖੜ੍ਹੇ ਹੋਈਏ (ਦੇਖੋ “ਖ਼ੁਦਾ ਦੀ ਮਹਿਮਾ ਕਰੋ,” ਨੰ. 31)।

ਪੋਪ ਫਰਾਂਸਿਸ ਜੀ ਫਰਮਾਉਂਦੇ ਹਨ, “ਅਸਲੀ ਵਿਸ਼ਵਾਸ, ਮਨੁੱਖੀ ਦਿਲ ਨੂੰ ਨਾ ਕੇਵਲ ਬਲ ਪ੍ਰਦਾਨ ਕਰਦਾ ਹੈ, ਸਗੋਂ ਸਾਡੇ ਜੀਵਨ ਨੂੰ ਵੀ ਪਰਿਵਰਤਿਤ ਕਰਦਾ, ਸਾਡੇ ਉਦੇਸ਼ਾਂ ਨੂੰ ਸੁੰਦਰ ਬਣਾਉਂਦਾ ਅਤੇ ਸਾਡੇ ਇੱਕ-ਦੂਸਰੇ ਪ੍ਰਤੀ ਅਤੇ ਸਮੁੱਚੀ ਸ੍ਰਿਸ਼ਟੀ ਪ੍ਰਤੀ ਸੰਬੰਧਾਂ ’ਤੇ ਰੋਸ਼ਨੀ ਬਖੇਰਦਾ ਹੈ” (“ਖ਼ੁਦਾ ਦੀ ਮਹਿਮਾ ਕਰੋ,” ਨੰ. 61)। ਸਾਡੀਆਂ ਸੰਬੰਧਿਤ ਧਾਰਮਿਕ ਧਾਰਨਾਵਾਂ ਸਾਨੂੰ ਸਿਖਾਉਂਦੀਆਂ ਹਨ ਕਿ ਇੱਕ ਦੂਜੇ ਅਤੇ ਰਚਨਾ ਨਾਲ ਸੁਖਾਵੇ ਅਤੇ ਇੱਕਸਾਰਤਾ ਵਾਲੇ ਸੰਬੰਧ ਸਥਾਪਿਤ ਕੀਤੇ ਜਾਣ ਅਤੇ ਇਹਨਾਂ ਦੀ ਸਤਿਕਾਰ ਅਤੇ ਪਿਆਰ ਨਾਲ ਦੇਖਭਾਲ ਕੀਤੀ ਜਾਵੇ। ਵਿਸ਼ਵ-ਵਿਆਪੀ ਜਲਵਾਯੂ ਸੰਕਟ ਨਾਲ ਨਜਿੱਠਣ ਲਈ ਸਾਂਝੀ ਰਣਨੀਤੀ ਅਤੇ ਤਾਲਮੇਲ ਦੀ ਲੋੜ ਹੈ ਅਤੇ ਇਹ ਇਕੱਲਿਆਂ ਨਹੀਂ ਕੀਤਾ ਜਾ ਸਕਦਾ ਹੈ; ਇਸ ਲਈ ਦਿਲਾਂ, ਮਨਾਂ ਅਤੇ ਹੱਥਾਂ ਨੂੰ ਮਿਲਾਉਂਦੇ ਹੋਏ ਸਮਾਜ ਦੇ ਹਰ ਪੱਧਰ ਦੇ ਲੋਕਾਂ ਨੂੰ ਨਾਲ ਜੋੜਣਾ ਜ਼ਰੂਰੀ ਹੈ। ਇਸ ਸੰਬੰਧ ਵਿੱਚ, ਧਾਰਮਿਕ ਨੇਤਾਵਾਂ ਅਤੇ ਅੰਤਰ-ਧਾਰਮਿਕ ਵਾਰਤਾਲਾਪ ਨੂੰ ਨੇਕ ਨੀਯਤ ਲੋਕਾਂ ਭਾਵ ਆਦਮੀਆਂ ਅਤੇ ਔਰਤਾਂ ਨੂੰ ਇਕੱਠਾ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਉਣ ਦੀ ਲੋੜ ਹੈ।

ਪਰਿਵਾਰਾਂ, ਸਮੁਦਾਇਆਂ, ਸਿੱਖਿਆ ਸੰਸਥਾਵਾਂ, ਅਤੇ ਸੰਚਾਰ ਮਾਧਿਅਮਾਂ ਵੱਲੋਂ ਵੀ ਨਾਗਰਿਕਾਂ ਵਿੱਚ ਚੰਗੀਆਂ ਕਦਰਾਂ-ਕੀਮਤਾਂ ਅਤੇ ਸੰਕੇਤ ਪੈਦਾ ਕਰਨ ਲਈ ਵੱਡੀ ਭੂਮਿਕਾ ਨਿਭਾਉਣਾ ਜ਼ਰੂਰੀ ਹੈ ਜੋ ਕਿ ਇੱਕ ਦੂਜੇ ਅਤੇ ਸ੍ਰਿਸ਼ਟੀ ਨਾਲ ਚੰਗੇ ਸੰਬੰਧਾਂ ਨਾਲ ਸਥਾਪਿਤ ਕਰਨ ’ਚ ਸਹਾਈ ਹਨ। ਸਵੱਸਥ ਵਿਹਾਰਿਕਤਾ ਜਿਵੇਂ ਕਿ ਸੰਤੁਲਿਤ ਆਹਾਰ, ਊਰਜਾ ਅਤੇ ਪਾਣੀ ਦਾ ਬਚਾਓ, ਰੁੱਖ ਲਗਾਉਣੇ, ਕਾਰਬਨ ਨਿਕਾਸ ਅਤੇ ਪ੍ਰਦੂਸ਼ਣ ਘਟਾਉਣਾ, ਕੁਦਰਤੀ ਸੰਸਾਰ ਦੀ ਸੰਭਾਲ ਲਈ ਬਹੁਤ ਮਦਦਗਾਰ ਹਨ, ਅਤੇ ਇਹਨਾਂ ਨੂੰ ਸਭ ਵੱਲੋਂ ਵਿਹਾਰਿਕਤਾ ਵਿੱਚ ਲਿਆਂਦਾ ਜਾ ਸਕਦਾ ਹੈ। ਜਿਵੇਂ ਕਿ ਕਤਰਾ-ਕਤਰਾ ਵਿਸ਼ਾਲ ਸਮੁੰਦਰ ਨੂੰ ਭਰ ਦਿੰਦਾ ਹੈ, ਇਉਂ ਹੀ ਠੋਸ ਕਾਰਜ, ਸਿੱਖਿਆ ਅਤੇ ਚੰਗੀ ਉਦਾਹਰਨ, ਵਾਤਾਵਰਣ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ, ਲੰਮੇ ਸਮੇਂ ਤੱਕ ਧਰਤੀ ਨੂੰ ਹੋਰ ਵਿਨਾਸ਼ ਤੋਂ ਬਚਾਉਂਦੇ ਹੋਏ ਅਤੇ ਮਨੁੱਖਾਂ ਵੱਲੋਂ ਕੀਤੇ ਗਏ ਹੁਣ ਤੱਕ ਦੇ ਵਿਨਾਸ਼ ਦਾ ਇਲਾਜ ਹੋ ਸਕਦੇ ਹਨ। ਜਲਵਾਯੂ ਸੰਕਟ ਦੀ ਰੋਕਥਾਮ ਲਈ ਪਰਿਵਾਰ ਅਤੇ ਸਮੁਦਾਏ ਵਿਸ਼ੇਸ਼ ਯੋਗਦਾਨ ਪਾ ਸਕਦੇ ਹਨ। ਦੁਨੀਆ ਦੇ ਨੇਤਾਵਾਂ ਦੀ ਇਹ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਸਾਡੇ ਸਾਂਝੇ ਘਰ ਦੀ ਸੁਰੱਖਿਆ ਅਤੇ ਸੰਭਾਲ ਲਈ ਉਹ ਆਪਸੀ ਸੁਖਾਵਾਂ ਨਾਤਾ ਪੈਦਾ ਕਰਨ। ਮੌਜੂਦਾ ਜਲਵਾਯੂ ਸੰਕਟ ਨਾਲ ਨਜਿੱਠਣ ਲਈ ਸਮਾਜ ਦੇ ਹਰੇਕ ਭੈਣ-ਭਰਾ ਨੂੰ ਜ਼ਿੰਮੇਵਾਰੀ ਵਾਲਾ ਰਵੱਈਆ ਵਰਤਣ ਦੀ ਲੋੜ ਹੈ।

ਬਤੌਰ ਵਿਸ਼ਵਾਸੀ, ਸਰਬੱਤ ਦਾ ਭਲਾ ਅਤੇ ਧਰਤੀ ਦੀ ਭਲਾਈ ਲਈ ਸਾਂਝੀਆਂ ਧਾਰਨਾਵਾਂ ਅਤੇ ਸਰੋਕਾਰ ਰੱਖਣ ਵਾਲਿਆਂ ਵਜੋਂ ਆਓ ਅਸੀਂ ਈਸਾਈ ਅਤੇ ਸਿੱਖ ਭਾਈਚਾਰੇ, ਮਨੁੱਖਤਾ ਦੀ ਭਲਾਈ ਲਈ ਹਰੇਕ ਫਿਕਰਮੰਦ ਵਿਅਕਤੀ ਨਾਲ ਹੱਥ ਮਿਲਾਉਂਦੇ ਹੋਏ, ਜਲਵਾਯੂ ਹਾਲਾਤਾਂ ਵਿੱਚ ਸਕਾਰਾਤਮਿਕ ਪਰਿਵਰਤਨ ਲਿਆਉਂਦੇ ਹੋਏ ਸਭ ਕੁਝ ਦਾ ਯਤਨ ਕਰੀਏ ਜੋ ਅਸੀਂ ਕਰ ਸਕਦੇ ਹਾਂ, ਅਤੇ ਸ੍ਰਿਸ਼ਟੀ ਦੇ ਜ਼ਿੰਮੇਵਾਰ ਅਤੇ ਸੱਚੇ ਮੁਖਤਾਰ ਬਣੀਏ!

ਅਸੀਂ ਆਪ ਸਭ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀਆਂ ਸ਼ੁਭਕਾਮਨਾਵਾਂ ਦਿੰਦੇ ਹਾਂ!

Miguel Card. Ayuso G.

ਕਾਰਡੀਨਲ ਮਿਗੁਏਲ ਏਂਜਲ ਅਯੂਸੋ ਗੁਈਸੋਟ, ਐੱਮ.ਸੀ.ਸੀ.ਜੇ.

*ਪ੍ਰੀਫੈਕਟ*

Gunakaratne

ਮੌਨਸੀਨਿਯੌਰ ਇੰਦੂਨਿਲ ਕੋਦਿਥੂਵਾਕੂ ਜਾਨਾਕਾਰਤਨੇ ਕੰਕਾਨਾਮਾਲਾਗੇ

*ਸਕੱਤਰ*

**ਅੰਤਰ ਧਾਰਮਿਕ ਸੰਵਾਦ ਦੀ ਪੋਂਤੀਫਿਕਲ ਕਾਉਂਸਿਲ**

**00120 ਵੈਟੀਕਨ ਸਿਟੀ**

Tel: +39.06.6988 4321
Fax: +39.06.6988 4494

E-mail: dialogo@interrel.va
http://www.dicasteryinterreligious.va/